# ਅੰਤਰ ਧਾਰਮਿਕ ਸੰਵਾਦ ਦੀ ਪੋਂਤੀਫਿਕਲ ਕਾਉਂਸਿਲ

# ਈਸਾਈ ਅਤੇ ਸਿੱਖ ਭਾਈਚਾਰੇ ਦੇ ਭਲੇ ਲਈ ਅੰਤਰ ਧਾਰਮਿਕ ਏਕਤਾ ਨੂੰ ਉਤਸਾਹਿਤ ਕਰਨਾ

**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ ’ਤੇ ਸੰਦੇਸ਼**

**2022**

**ਵੈਟੀਕਨ ਸਿਟੀ**

ਪਿਆਰੇ ਸਿੱਖ ਭੈਣੋਂ ਅਤੇ ਭਰਾਵੋਂ,

ਪੋਂਤੀਫਿਕਲ ਸਭਾ (Dicastery) ਅੰਤਰ ਧਾਰਮਿਕ ਸੰਵਾਦ ਕਰਨ ਵਾਲੀ ਇੱਕ ਸਭਾ ਵਜੋਂ ਜਾਣੀ ਜਾਂਦੀ ਹੈ, ਇਹ ਸਭਾ ਤੁਹਾਨੂੰ ਸਾਰਿਆਂ ਨੂੰ 8 ਨਵੰਬਰ ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸ਼ੁੱਭ ਕਾਮਨਾਵਾਂ ਪੇਸ਼ ਕਰਦੀ ਹੈ।

ਅਸੀਂ ਇਸ ਉਮੀਦ ਦੇ ਨਾਲ ਅੱਗੇ ਵੱਧਦੇ ਹਾਂ ਕਿ ਵਿਸ਼ਵ ਵਿਆਪੀ ਭਾਈਚਾਰਾ ਕੋਰੋਨਾ ਵਾਇਰਸ ਨਾਲ ਸਬੰਧਤ ਚਿੰਤਾਵਾਂ ਤੋਂ ਪੂਰੀ ਤਰ੍ਹਾਂ ਰਾਹਤ ਚਾਹੁੰਦਾ ਹੈ। ਦੁਨਿਆ ਵਿੱਚ ਲਗਭਗ ਹਰ ਰੋਜ ਵੱਖ ਵੱਖ ਥਾਵਾਂ ਤੇ ਹਮਲਿਆਂ, ਤਨਾਵ, ਹਿੰਸਾ ਦੀਆਂ ਘਟਨਾਵਾਂ, ਸਮਾਜ ਵਿੱਚ ਫੈਲੀ ਗਰੀਬੀ ਅਤੇ ਅਸਮਾਨਤਾ, ਲਗਾਤਾਰ ਆਪਸੀ ਏਕਤਾ ਅਤੇ ਸ਼ਾਂਤੀਪੂਰਨ ਮਾਹੌਲ ਨੂੰ ਵਿਗਾੜ ਰਹੀਆਂ ਹਨ। ਇਸ ਪ੍ਰਸੰਗ ਵਿੱਚ ਅਸੀਂ ਤੁਹਾਡੇ ਨਾਲ ਕੁੱਝ ਵਿਚਾਰ ਸਾਂਝੇ ਕਰਨਾ ਚਾਹੁੰਦੇ ਹਾਂ ਕਿ ਕਿਵੇਂ ਦੋਵੇਂ ਭਾਈਚਾਰੇ ਆਪਸ ਵਿੱਚ ਇੱਕ ਦੂਸਰੇ ਦੇ ਭਲੇ ਲਈ ਅੰਤਰ ਧਾਰਮਿਕ ਏਕਤਾ ਨੂੰ ਵਧਾ ਸਕਦੇ ਹਨ।

ਏਕਤਾ ਸਾਡੇ ਸਾਰਿਆਂ ਦੇ ਆਪਸੀ ਪਿਆਰ ਤੋਂ ਪੈਦਾ ਹੁੰਦੀ ਹੈ ਅਤੇ ਇਸ ਵਿੱਚ ਇੱਕ ਦੂਜੇ ਲਈ ਆਪਸੀ ਜਿੰਮੇਵਾਰੀਆਂ ਨੂੰ ਨਿਭਾਉਣਾ ਸ਼ਾਮਿਲ ਹੁੰਦਾ ਹੈ। ਇਹ ਸਹੀ ਹੈ ਕਿ ਅਸੀਂ ਸਾਰੇ ਕੁੱਝ ਗੱਲਾਂ ਵਿੱਚ ਇੱਕ ਦੂਸਰੇ ਦੇ ਸਮਾਨ ਹੀ ਹਾਂ। ਲੋੜਵੰਦ ਭੈਣਾਂ ਭਰਾਵਾਂ ਤੱਕ ਪਹੁੰਚਣਾ, ਉਨ੍ਹਾਂ ਦੀ ਸਹਾਇਤਾ ਅਤੇ ਦੇਖਭਾਲ ਕਰਨਾ ਅਤੇ ਇਸ ਤਰ੍ਹਾਂ ਦੇ ਕਿਸੇ ਵੀ ਕਾਰਨ ਉਨ੍ਹਾਂ ਦੇ ਨਾਲ ਖੜਨਾ ਆਦਿ ਡੂੰਘਿਆਈ ਨਾਲ ਆਪਣੇ ਆਪ ਨੂੰ ਸਰਬਤ ਦੇ ਭਲੇ ਲਈ ਵਚਨਬੱਧ ਕਰਨਾ ਸਾਡੇ ਦ੍ਰਿੜ ਇਰਾਦਿਆਂ ਨੂੰ ਦਰਸਾਉਂਦੇ ਹਨ ਅਤੇ ਇਸ ਤਰ੍ਹਾਂ ਏਕਤਾ ਦੇ ਪ੍ਰਚਾਰ ਵਿੱਚ ਸਾਰਿਆਂ ਦਾ ਭਲਾ ਮੰਗਣਾ ਸ਼ਾਮਿਲ ਹੈ। ਸਾਰਿਆਂ ਦੀ ਇੱਜਤ ਅਤੇ ਸਭਨਾਂ ਦੀ ਪਛਾਣ ਦਾ ਸਤਿਕਾਰ ਕਰਨਾ, ਨਜਾਇਜ ਮਤਭੇਦਾਂ ਦੀ ਪਰਵਾਹ ਕੀਤੇ ਬਿਨ੍ਹਾਂ ਸਰਬਤ ਦੇ ਭਲੇ ਦੀ ਨੈਤਿਕ ਜਿੰਮੇਵਾਰੀ ਲੈਣਾ, ਇਸ ਤੋਂ ਅਲਾਵਾ ਪਦਾਰਥਕ, ਅਧਿਆਤਮਿਕ, ਕੁਦਰਤੀ ਅਤੇ ਮੱਨੁਖੀ ਵਸੀਲਿਆਂ ਨੂੰ ਸਾਂਝਾ ਕਰਨਾ ਸਾਡੀ ਜਿੰਮੇਵਾਰੀ ਹੈ। ਏਕਤਾ ਨੂੰ ਬਣਾਈ ਰੱਖਣ ਲਈ ਅਕਸਰ ਕੁਰਬਾਨੀਆਂ ਹੁੰਦੀਆਂ ਹਨ, ਜੋ ਸਾਡੀ ਮਨੁੱਖਤਾ ਦੀ ਮਹਾਨਤਾ ਅਤੇ ਧਾਰਮਿਕਤਾ ਨੂੰ ਦਰਸਾਉਂਦੀਆਂ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਲੋਕਾਂ ਵਿੱਚ ਏਕਤਾ ਦੀ ਲੋੜ ਬਾਰੇ ਜਾਗਰੁਕਤਾ ਵੱਧ ਰਹੀ ਹੈ ਤਾਂ ਜੋ ਇਕ ਦੂਸਰੇ ਦਾ ਸਮਰਥਨ ਕੀਤਾ ਜਾ ਸਕੇ ਅਤੇ ਸਮਾਜ ਵਿੱਚ ਉਨ੍ਹਾਂ ਮੁੱਦਿਆਂ ਨੂੰ ਉਠਾਇਆ ਜਾ ਸਕੇ ਜੋ ਅਜੋਕੇ ਸਮਿਆਂ ਵਿੱਚ ਧਾਰਮਿਕ ਏਕਤਾ, ਆਫਤਾਂ ਅਤੇ ਸੰਕਟਕਾਲ ਦੌਰਾਨ ਜਾਂ ਸਮਾਜ ਦੇ ਕਲਿਆਣ ਲਈ ਬਹੁਤ ਨਾਜ਼ੁਕ ਮਸਲਿਆਂ ਵਿੱਚ ਜ਼ਰੂਰੀ ਹਨ ਅਤੇ ਇਹ ਮੱਨੁਖੀ ਏਕਤਾ ਦੀ ਪ੍ਰਸ਼ੰਸਾਯੋਗ ਗਵਾਹੀ ਹੈ। ਆਮਤੌਰ ਤੇ ਏਕਤਾ ਦੇ ਵਿਸ਼ੇਸ਼ ਪ੍ਰਗਟਾਵੇ ਨੂੰ ਸਥਾਨਕ, ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰਾਂ 'ਤੇ ਕਾਇਮ ਰੱਖਣ ਦੀ ਜ਼ਰੂਰਤ ਹੈ। ਇਸ ਨੂੰ ਇੱਕ ਅੰਦੋਲਨ ਅਤੇ ਸੱਭਿਆਚਾਰ ਬਨਾਉਣ ਦੀ ਲੋੜ ਹੈ ਜੋ ਸਾਡੇ ਆਪਸੀ ਰਿਸ਼ਤਿਆਂ ਨੂੰ ਉਸਾਰਦੀ ਹੈ ਅਤੇ ਸਾਨੂੰ ਆਪਸ ਵਿੱਚ ਨਿਖੜਨ ਦੀ ਬਜਾਏ ਇੱਕ ਦੂਸਰੇ ਦੇ ਲਾਗੇ ਲਿਆਉਂਦੀ ਹੈ।

ਸਰਬਤ ਦੇ ਭਲੇ ਲਈ ਅੰਤਰ ਧਾਰਮਿਕ ਏਕਤਾ ਦਾ ਪ੍ਰਚਾਰ ਸਾਡੇ ਪਰਿਵਾਰਾਂ ਤੋਂ ਸ਼ੁਰੂ ਹੋਣਾ ਚਾਹੀਦਾ ਹੈ, ਜੋ ਸਮਾਜਿਕ ਜੀਵਨ ਦੇ ਪਹਿਲੇ ਅਤੇ ਬੁਨਿਆਦੀ ਸਕੂਲ ਹਨ ਅਤੇ ਇਹ ਸਾਡੇ ਦਾਦਾ ਦਾਦੀ, ਮਾਤਾ ਪਿਤਾ ਅਤੇ ਬਜ਼ੁਰਗਾਂ ਦੀ ਅਗੁਵਾਈ ਵਿੱਚ ਚੱਲ ਕੇ ਉਨ੍ਹਾਂ ਕਦਰਾਂ ਕੀਮਤਾਂ ਨੂੰ ਸਿਖਾਉਂਦੇ ਹਨ, ਜੋ ਪਰਿਵਾਰਿਕ ਭਲੇ ਲਈ ਏਕਤਾ ਬਣਾਈ ਰੱਖਦੇ

ਹਨ। ਇਸ ਤੋਂ ਅਲਾਵਾ ਸਿੱਖਿਆ ਅਤੇ ਵਿਦਿਅਕ ਅਦਾਰਿਆਂ ਦਾ ਗਠਨ ਮੁੱਖ ਖੇਤਰ ਹਨ ਜਿੱਥੇ ਵਿਦਿਆਰਥੀਆਂ ਨੂੰ ਅਨੇਕਤਾ ਵਿੱਚ ਏਕਤਾ ਦੀ ਭਾਵਨਾ ਨੂੰ ਗ੍ਰਹਿਣ ਕਰਨਾ ਸਿਖਾਇਆ ਜਾ ਸਕਦਾ ਹੈ, ਉਨ੍ਹਾਂ ਨੂੰ ਏਕਤਾ ਦੇ ਕੰਮ ਕਰਨ ਲਈ ਰਚਨਾਤਮਕ ਤਰੀਕਿਆਂ ਨਾਲ ਆਂਢ ਗੁਆਂਢ ਅਤੇ ਸਮਾਜ ਵਿੱਚ ਭਲੇ ਦੇ ਕੰਮ ਕਰਨ ਦੇ ਲਈ ਪ੍ਰੇਰਿਤ ਅਤੇ ਉਤਸਾਹਿਤ ਕੀਤਾ ਜਾ ਸਕਦਾ ਹੈ। ਧਰਮ ਆਪਣੇ ਪੈਰੋਕਾਰਾਂ ਨੂੰ ਚੰਗੇ ਇਨਸਾਨ ਬਣਨ ਅਤੇ ਸਰਬਤ ਦੇ ਭਲੇ ਦੇ ਕੰਮ ਕਰਨ ਲਈ ਪ੍ਰੇਰਣਾ ਦਿੰਦਾ ਹੈ। ਇਸ ਲਈ ਅੰਤਰ ਧਾਰਮਿਕ ਏਕਤਾ ਲਈ ਧਰਮਾਂ ਅਤੇ ਧਾਰਮਿਕ ਨੇਤਾਵਾਂ ਦੁਆਰਾ ਇਸ ਨੂੰ ਬੜੀ ਆਸਾਨੀ ਨਾਲ ਅੱਗੇ ਵਧਾਇਆ ਜਾ ਸਕਦਾ ਹੈ। ਅੰਤਰ ਧਾਰਮਿਕ ਏਕਤਾ ਬਹੁਤ ਮਹਤੱਵਪੂਰਨ ਵਿਸ਼ਾ ਹੈ, ਇਹ ਮੌਜੂਦਾ ਕਾਲ ਅਤੇ ਭਵਿੱਖ ਦੇ ਲਈ ਸਰਬਤ ਦੇ ਭਲੇ ਨੂੰ ਯਕੀਨੀ ਬਨਾਉਣ ਦੀ ਕੁੰਜੀ ਹੈ।

ਸਾਡੇ ਆਪਣੇ ਧਾਰਮਿਕ ਵਿਸ਼ਵਾਸ ਅਤੇ ਦੋਵੇਂ ਭਾਈਚਾਰੇ (ਈਸਾਈ ਅਤੇ ਸਿੱਖ) ਸਮਾਜ ਦੇ ਭਲੇ ਬਾਰੇ ਸਾਂਝੀਆਂ ਕਦਰਾਂ ਕੀਮਤਾਂ ਅਤੇ ਚਿੰਤਾਵਾਂ ਵਾਲਿਆਂ ਵਜੋਂ ਹੋਰ ਧਾਰਮਿਕ ਪਰੰਪਰਾਵਾਂ ਅਤੇ ਸਹੀ ਸੋਚ ਰੱਖਣ ਵਾਲੇ ਲੋਕਾਂ ਨਾਲ ਹੱਥ ਮਿਲਾਉਂਦੇ ਹੋਏ, ਵਿਅਕਤੀਗਤ ਅਤੇ ਸਾਮੂਹਿਕ ਤੌਰ 'ਤੇ ਉਹ ਸਭ ਕੁੱਝ ਕਰ ਸਕਦੇ ਹਾਂ ਜੋ ਸਮਾਜ ਲਈ ਸਹੀ ਹੈ। ਇੱਕ ਦੂਸਰੇ ਲਈ ਅਤੇ ਸੰਸਾਰ ਲਈ ਜਿੰਮੇਵਾਰੀ ਦੀ ਭਾਵਨਾ ਦੇ ਨਾਲ ਅੰਤਰ ਧਾਰਮਿਕ ਏਕਤਾ ਦੇ ਕੰਮ ਨੂੰ ਉਤਸਾਹਿਤ ਕਰਨ ਲਈ ਇੱਕ ਅਜਿਹਾ ਕੰਮ ਜੋ ਸੰਤ ਪਾਪਾ ਫ੍ਰਾਂਸਿਸ ਅਨੁਸਾਰ ਦੱਸਿਆ ਗਿਆ ਹੈ, ਉਹ ਇਹ ਹੈ ਕਿ ਅਸੀ ਦੂਸਰਿਆਂ ਨੂੰ "ਵਿਰੋਧੀ ਦੇ ਰੂਪ ਵਿੱਚ ਨਹੀਂ, ਪਰੰਤੂ ਭਰਾਵਾਂ ਤੇ ਭੈਣਾਂ ਦੇ ਰੂਪ ਵਿੱਚ ਵੇਖੀਏ।"

*ਤੁਹਾਨੂੰ ਸਾਰਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁੱਭ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।*

Miguel Card. Ayuso

Miguel Ángel Cardinal Ayuso Guixot, MCCJ
*Prefect*

Janakaratne

Msgr. Indunil Janakaratne Kodithuwakku Kankanamalage
*Secretary*

**ਅੰਤਰ ਧਾਰਮਿਕ ਸੰਵਾਦ ਦੀ ਪੋਂਤੀਫਿਕਲ ਕਾਉਂਸਿਲ**

**00120 ਵੈਟੀਕਨ ਸਿਟੀ**

Tel: +39.06.6988 4321
Fax: +39.06.6988 4494

E-mail: dialogo@interrel.va
http://www.dicasteryinterreligious.va/